ਵਿਸ਼ਾ – ਪੰਜਾਬੀ ਜਮਾਤ- ਅੱਠਵੀਂ

# ਵਾਕ ਬੋਧ ਅਤੇ ਵਾਕਾਂ ਦੀਆਂ ਕਿਸਮਾਂ

## ਵਾਕ ਦੀ ਪਰਿਭਾਸ਼ਾ

ਵਾਕ ਸਾਰਥਕ ਸ਼ਬਦਾਂ ਦੇ ਉਸ ਸਮੂਹ ਨੂੰ ਆਖਿਆ ਜਾਂਦਾ ਹੈ, ਜਿਸ ਦੁਆਰਾ ਕੋਈ ਪੂਰਾ ਭਾਵ ਪ੍ਰਗਟ ਕੀਤਾ ਗਿਆ ਹੋਵੇ ; ਜਿਵੇਂ-

1.ਅਬੋਹਰ ਪੰਜਾਬ ਦੀ ਇੱਕ ਤਹਿਸੀਲ ਹੈ ।

2.ਕੀ ਤੁਸੀਂ ਆਪਣਾ ਕੰਮ ਪੂਰਾ ਕਰ ਲਿਆ ਹੈ ?

## ਵਾਕ ਦੇ ਭਾਗ ( 2 )

1. ਉਦੇਸ਼ 2. ਵਿਧੇ

## ★ 1.ਵਾਕ ਦਾ ਉਦੇਸ਼

ਵਾਕ ਵਿੱਚ ਕਿਸੇ ਚੀਜ਼, ਥਾਂ ਜਾਂ ਆਦਮੀ ਆਦਿ ਬਾਰੇ ਜੋ ਕੁੱਝ ਵੀ ਕਿਹਾ, ਪੁੱਛਿਆ ਜਾਂ ਦੱਸਿਆ ਜਾਂਦਾ ਹੈ ਕਿ ਉਸ ਨੂੰ ਪ੍ਰਗਟ ਕਰਨ ਵਾਲੇ ਸਮੂਹ ਨੂੰ ਵਾਕ ਦਾ ਉਦੇਸ਼ ਆਖਦੇ ਹਨ । ਜਿਵੇਂ:-

1. ਤੁਸੀਂ ਕਿੱਥੇ ਕੰਮ ਕਰਦੇ ਹੋ ?

2.ਪੰਜਾਬ ਦੇ ਪ੍ਰਸਿੱਧ ਖਿਡਾਰੀ ਕਬੱਡੀ ਮੁਕਾਬਲੇ ਵਿੱਚ ਭਾਗ ਲੈ ਰਹੇ ਹਨ।

◆ ਇੰਨ੍ਹਾਂ ਵਾਕਾਂ ਵਿਚ 'ਤੁਸੀਂ' ਅਤੇ 'ਪੰਜਾਬ' ਵਾਕ ਦੇ ਉਦੇਸ਼ ਹਨ।

★ 2.ਵਾਕ ਦਾ ਵਿਧੇ

ਵਾਕ ਵਿੱਚ ਜਿਹੜਾ ਸ਼ਬਦ ਕਿਸੇ ਚੀਜ਼, ਥਾਂ ਜਾਂ ਆਦਮੀ ਬਾਰੇ ਕੁੱਝ ਵੀ ਦੱਸੇ , ਉਸ ਨੂੰ ਵਾਕ ਦਾ ਵਿਧੇ ਕਿਹਾ ਜਾਂਦਾ ਹੈ। ਜਿਵੇਂ -

1. ਰਾਮ ਪਾਣੀ ਪੀ ਰਿਹਾ ਹੈ।

2. ਉਹ ਤੁਹਾਡੇ ਵਰਗਾ ਸੋਹਣਾ ਹੈ।

◆ ਵਾਕ ਵਿੱਚ ਪਾਣੀ ਪੀ ਰਿਹਾ ਹੈ ਅਤੇ ਤੁਹਾਡੇ ਵਰਗਾ ਸੋਹਣਾ ਹੈ, ਵਾਕ ਦੇ ਵਿਧੇ ਹਨ ।

★ ਵਾਕਾਂ ਦੀਆਂ ਕਿਸਮਾਂ ★

1. ਸਧਾਰਨ ਵਾਕ।

2. ਸੰਯੁਕਤ ਵਾਕ।

3. ਮਿਸ਼ਰਿਤ ਵਾਕ।

4. ਗੁੰਝਲਦਾਰ ਵਾਕ।

1. ਸਧਾਰਨ ਵਾਕ - ਜਿਸ ਵਾਕ ਵਿੱਚ ਇੱਕੋ ਹੀ ਕਿਰਿਆ ਕੀਤੀ ਜਾਂਦੀ ਹੈ , ਉਸ ਨੂੰ ਸਧਾਰਨ ਵਾਕ ਕਿਹਾ ਜਾਂਦਾ ਹੈ। ਜਿਵੇਂ -

1. ਕਰਨ ਹਰ ਰੋਜ਼ ਸੈਰ ਕਰਦਾ ਹੈ ।
2. ਉਹ ਮੇਰੀ ਕਾਰ ਹੈ ।

2.ਸੰਯੁਕਤ ਵਾਕ - ਇੱਕ ਤੋਂ ਵੱਧ ਕਿਰਿਆਵਾਂ ਕਰਨ ਵਾਲੇ ਵਾਕ ਨੂੰ ਸੰਯੁਕਤ ਵਾਕ ਕਿਹਾ ਜਾਂਦਾ ਹੈ ਅਰਥਾਤ ਪਹਿਲਾ ਵਾਕ ਦੂਸਰੇ ਤੇ ਨਿਰਭਰ ਹੁੰਦਾ ਹੈ। ਇਸ ਵਿੱਚ ਦੋ ਜਾਂ ਦੋ ਤੋਂ ਵੱਧ ਸੁਤੰਤਰ ਜਾਂ ਉਪ ਵਾਕਾਂ ਨੂੰ ਸਮਾਨ ਯੋਜਕਾਂ ਨਾਲ ਜੋੜਿਆ ਜਾਂਦਾ ਹੈ । ਜਿਵੇਂ -

1.ਰਾਜਨ ਅੱਜ ਸਕੂਲ ਗਿਆ ਪਰ ਛੇਤੀ ਹੀ ਘਰ ਮੁੜ ਆਇਆ ।

3. ਮਿਸ਼ਰਤ ਵਾਕ - ਇੱਕ ਤੋਂ ਵੱਧ ਕਿਰਿਆਵਾਂ ਵਾਲੇ ਉਸ ਵਾਕ ਨੂੰ ਮਿਸ਼ਰਤ ਵਾਕ ਕਿਹਾ ਜਾਂਦਾ ਹੈ, ਜਿਸ ਵਿੱਚ ਇੱਕ ਪ੍ਰਧਾਨ ਉਪ-ਵਾਕ ਹੁੰਦਾ ਹੈ ਤੇ ਬਾਕੀ ਸਾਰੇ ਅਧੀਨ ਉਪ-ਵਾਕ । ਜਿਵੇਂ -

1.ਜੋ ਵਿਦਿਆਰਥੀ ਮਿਹਨਤ ਕਰਨਗੇ , ਪਾਸ ਹੋ ਜਾਣਗੇ ।

2.ਜੋ ਖਿਡਾਰੀ ਤੇਜ਼ ਦੋੜਨਗੇ , ਜਿੱਤ ਜਾਣਗੇ ।

4. ਗੁੰਝਲਦਾਰ ਵਾਕ - ਇਸ ਵਾਕ ਵਿੱਚ ਪ੍ਰਧਾਨ ਉਪ-ਵਾਕ , ਅਧੀਨ ਉਪ-ਵਾਕ ਤੇ ਸਮਾਨ ਉਪਵਾਕ ਅਰਥਾਤ ਤਿੰਨ ਕਿਸਮ ਦੇ ਉਪ-ਵਾਕ ਸ਼ਾਮਲ ਹੁੰਦੇ ਹਨ । ਜਿਵੇਂ-

1.ਇਹ ਸੱਚ ਹੈ, ਕਿ ਦੇਸ਼ ਲਈ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ ਅਤੇ ਕੁਰਬਾਨੀਆਂ ਕਰਨਾ ਸੂਰਮਿਆਂ ਦਾ ਕੰਮ ਹੈ ।

1) ਇਹ ਸੱਚ ਹੈ । ( ਪ੍ਰਧਾਨ ਉਪ-ਵਾਕ )

2) ਦੇਸ਼ ਲਈ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ। (ਅਧੀਨ)

3) ਕੁਰਬਾਨੀਆਂ ਕਰਨਾ ਸੂਰਮਿਆਂ ਦਾ ਕੰਮ ਹੈ ।( ਸਮਾਨ ਉਪ-ਵਾਕ )



---


● ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ- 75087-27529

ਸਰਕਾਰੀ ਸੀਨਿਅਰ ਸੈਕੰਡਰੀ ਸਮਾਰਟ ਸਕੂਲ, ਪੰ.ਰਣ ਸਿੰਘ ।

●ਵਤਨ ਸਿੰਘ ਸੰਧੂ(ਪੰਜਾਬੀ ਮਾਸਟਰ) ਸਰਕਾਰੀ ਹਾਈ ਸਕੂਲ ਅਮਰਕੋਟ 98555-39200


---